# ਵਰਕਸ਼ੀਟ

ਹਰੇਕ ਪ੍ਰਸ਼ਨ ਦੇ ਚਾਰ ਉੱਤਰ ਦਿੱਤੇ ਗਏ ਹਨ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ।

ਪ੍ਰਸ਼ਨ-1 ਹੇਠ ਲਿਖੀਆਂ ਖੇਡਾਂ ਵਿੱਚੋਂ ਕਿਹੜੀ ਖੇਡ ਤੁਹਾਡੇ ਸਕੂਲ ਵਿੱਚ ਵੱਧ ਖੇਡੀ ਜਾਂਦੀ ਹੈ?

ਉੱਤਰ- ੳ) ਕਬੱਡੀ ਅ) ਹਾਕੀ ੲ) ਗੁੱਲੀ ਡੰਡਾ ਸ) ਸ਼ਤਰੰਜ਼

ਪ੍ਰਸ਼ਨ-2 ਸ਼ਤਰੰਜ਼ ਖੇਡ ਵਿੱਚ ਕਿੰਨੇ ਖਿਡਾਰੀ ਭਾਗ ਲੈਂਦੇ ਹਨ?

ਉੱਤਰ- ੳ) ਸੱਤ ਅ) ਪੰਜ ੲ) ਦੋ ਸ) ਦਸ

ਪ੍ਰਸ਼ਨ-3 ਹੇਠ ਲਿਖਿਆਂ ਵਿੱਚੋਂ ਕਿਹੜਾ ਕੰਮ ਤੁਹਾਨੂੰ ਵਿਹਲੇ ਸਮੇਂ ਕਰਨਾ ਜ਼ਿਆਦਾ ਚੰਗਾ ਲੱਗਦਾ ਹੈ?

ਉੱਤਰ- ੳ) ਕਿਤਾਬਾਂ ਪੜ੍ਹਨਾ ਅ) ਖੇਡਣਾ ੲ) ਚਿੱਤਰ ਬਣਾਉਣਾ ਸ) ਟੀ.ਵੀ. ਦੇਖਣਾ



Scanned with CamScanner

**ਪ੍ਰਸ਼ਨ-4 ਹਾਕੀ ਖੇਡਣ ਲਈ ................**

ੳ) ਵਿਕਟਾਂ ਦੀ ਲੋੜ ਹੁੰਦੀ ਹੈ। ਅ) ਸਿਰਫ਼ ਦੋ ਖਿਡਾਰੀ ਚਾਹੀਦੇ ਹਨ।

ੲ) ਖੁੱਲ੍ਹੇ ਮੈਦਾਨ ਦੀ ਲੋੜ ਹੁੰਦੀ ਹੈ। ਸ) ਇੱਕ ਕਮਰਾ ਬਹੁਤ ਹੁੰਦਾ ਹੈ।

**ਪ੍ਰਸ਼ਨ-5 ਕਬੱਡੀ ਖੇਡ ਕਿੱਥੇ ਖੇਡੀ ਜਾਂਦੀ ਹੈ?**

ਉੱਤਰ- ੳ) ਕਮਰੇ ਵਿੱਚ ਅ) ਖੁਲ੍ਹੇ ਮੈਦਾਨ ਵਿੱਚ ੲ) ਦਫ਼ਤਰ ਵਿੱਚ ਸ) ਗਲ਼ੀ ਵਿੱਚ

**ਪ੍ਰਸ਼ਨ-6 ਬੈਟ ਦੀ ਵਰਤੋਂ ਕਿਹੜੀ ਖੇਡ ਖੇਡਣ ਲਈ ਕੀਤੀ ਜਾਂਦੀ ਹੈ?**

ਉੱਤਰ- ੳ) ਪਿੱਠੂ ਗਰਮ ਅ) ਖੋ-ਖੋ ੲ) ਹਾਕੀ ਸ) ਕ੍ਰਿਕੇਟ

**ਪ੍ਰਸ਼ਨ-7 ਦਿੱਤੀ ਤਸਵੀਰ ਵਿੱਚ ਬੱਚੇ ਕੀ ਕਰ ਰਹੇ ਹਨ?**



ਉੱਤਰ- ੳ) ਕ੍ਰਿਕੇਟ ਖੇਡ ਰਹੇ ਹਨ। ਅ) ਗੀਟੇ ਖੇਡ ਰਹੇ ਹਨ।

ੲ) ਕੋਟਲ਼ਾ-ਛਪਾਕੀ ਖੇਡ ਰਹੇ ਹਨ। ਸ) ਪਿੱਠੂ ਗਰਮ ਖੇਡ ਰਹੇ ਹਨ।

**ਪ੍ਰਸ਼ਨ-8 ਤਸਵੀਰ ਦੇਖ ਕੇ ਦੱਸੋ ਕਿ ਬੱਚੇ ਕੀ ਕਰ ਰਹੇ ਹਨ?**



ਉੱਤਰ- ੳ) ਪੜ੍ਹ ਰਹੇ ਹਨ। ਅ) ਕਬੱਡੀ ਖੇਡ ਰਹੇ ਹਨ।

ੲ) ਗੁੱਲੀ ਡੰਡਾ ਖੇਡ ਰਹੇ ਹਨ। ਸ) ਗੀਟੇ ਖੇਡ ਰਹੇ ਹਨ।

**ਪ੍ਰਸ਼ਨ-9 ਪੌਦਿਆਂ ਦੀ ਦੇਖਭਾਲ਼ ਕਰਨਾ ਕਿਹੜੇ ਸਮੇਂ ਦੀ ਗਤੀਵਿਧੀ ਹੈ?**

ਉੱਤਰ- ੳ) ਦੁਪਹਿਰ ਸਮੇਂ ਦੀ ਅ) ਸਕੂਲ ਸਮੇਂ ਦੀ ੲ) ਰਾਤ ਸਮੇਂ ਦੀ ਸ) ਵਿਹਲੇ ਸਮੇਂ ਦੀ

**ਪ੍ਰਸ਼ਨ-10 ਖੇਡਾਂ ਨਾਲ਼ ਸਮੇਂ ਦੀ......................................**

ਉੱਤਰ- ੳ) ਬਰਬਾਦੀ ਹੁੰਦੀ ਹੈ। ਅ) ਢੁਕਵੀਂ ਵਰਤੋਂ ਹੁੰਦੀ ਹੈ। ੲ) ਪਰਵਾਹ ਨਹੀਂ ਰਹਿੰਦੀ। ਸ) ਬਚਤ ਹੁੰਦੀ ਹੈ।

**ਪ੍ਰਸ਼ਨ-11 ਖੇਡ ਖੇਡਦੇ ਸਮੇਂ ਸਾਨੂੰ...............................**

ਉੱਤਰ- ੳ) ਲੜਨਾ ਨਹੀਂ ਚਾਹੀਦਾ। ਅ) ਲੜਨਾ ਚਾਹੀਦਾ ਹੈ। ੲ) ਚਿੜ੍ਹਨਾ ਚਾਹੀਦਾ ਹੈ। ਸ) ਗੁੱਸੇ ਹੋਣਾ ਚਾਹੀਦਾ ਹੈ।

**ਪ੍ਰਸ਼ਨ-12 ਹੇਠ ਲਿਖਿਆਂ ਵਿੱਚੋਂ ਕਿਹੜੀ ਖੇਡ ਕਮਰੇ ਦੇ ਅੰਦਰ (Indoor) ਖੇਡੀ ਜਾਂਦੀ ਹੈ?**

ੳ) ਖੋ-ਖੋ ਅ) ਕੈਰਮ ੲ) ਹਾਕੀ ਸ) ਕਬੱਡੀ

Scanned with CamScanner